# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ।

ਵੱਲ,

ਸਮੂਹ ਸਕੂਲ ਮੁਖੀ (ਸੈਕੰਡਰੀ ਅਤੇ ਹਾਈ),

ਜਿਲ੍ਹਾ ਬਠਿੰਡਾ।

ਪੱਤਰ ਨੰ: Q-6/2025/4055 ਮਿਤੀ: 18/08/2025

ਵਿਸ਼ਾ:- ਸਮਰਿਧੀ ਅਧੀਨ ਹੋਣ ਵਾਲੇ ਅਧਿਆਪਕ ਮੁਕਾਬਲਿਆਂ ਸਬੰਧੀ।

ਸ੍ਰੀਮਾਨ / ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਣਯੋਗ ਭਾਰਤ ਸਰਕਾਰ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੁਆਰਾ ਸਾਲ 2015 ਅਧੀਨ ਕਲਾ ਉਤਸਵ ਸੁਰੂ ਕੀਤਾ ਗਿਆ ਸੀ ਜਿਸਦਾ ਉਦੇਸ ਸੈਕੰਡਰੀ ਪੱਧਰ (9ਵੀਂ ਤੋਂ 12ਵੀਂ) ਜਮਾਤ ਦੇ ਵਿਦਿਆਰਥੀਆਂ ਦੀ ਕਲਾਤਮਕ ਪ੍ਰਤਿਭਾ ਨੂੰ ਪੋਸ਼ਣ ਅਤੇ ਪ੍ਰਦਰਸਿਤ ਕਰਨਾ ਹੈ ਅਤੇ **"ਸਮਰਿਧੀ"** ਇਸੇ ਦਿਸ਼ਾ ਵੱਲ ਚੁੱਕਿਆ ਗਿਆ ਇੱਕ ਕਦਮ ਹੈ।**ਰਾਸਟਰੀ ਸਿੱਖਿਆ ਨੀਤੀ-**2020 ਅਤੇ ਸਕੂਲ ਸਿੱਖਿਆ ਲਈ ਰਾਸਟਰੀ ਪਾਠਕ੍ਰਮ ਢਾਚਾਂ (NCF-SE)-2023 ਦੀਆਂ ਸਿਫਾਰਸ਼ਾ ਦੇ ਅਨੁਸਾਰ **ਸਮ੍ਰਿਧੀ ਦਾ ਉਦੇਸ਼ ਉਨ੍ਹਾਂ ਅਧਿਆਪਕਾਂ ਦੇ ਯਤਨਾਂ ਨੂੰ ਪਛਾਨਣਾ ਅਤੇ ਉਤਸ਼ਾਹਿਤ ਕਰਨਾ ਹੈ ਜਿਨ੍ਹਾਂ ਨੇ ਪਾਠਕਰਮ ਡਿਲੀਵਰੀ ਵਿੱਚ ਵੱਖ-ਵੱਖ ਵਿਸ਼ਿਆਂ ਦੇ ਤਜਰਬਿਆਂ ਵਿੱਚ ਕਲਾਂ ਅਧਾਰਤ ਸਿੱਖਿਆ ਨੂੰ ਸਫਲਤਾਪੂਰਵਕ ਜੋੜਿਆ ਹੈ।**

ਸੋ ਸਮੂਹ ਸਕੂਲ ਮੁਖੀਆ ਨੂੰ ਲਿਖਿਆ ਜਾਂਦਾ ਹੈ ਕਿ 9ਵੀਂ ਤੋਂ 12ਵੀਂ ਤੱਕ ਪੜਾਉਣ ਵਾਲੇ ਸਮੂਹ ਵਿਸ਼ਾ ਅਧਿਆਪਕ (ਜਿਨ੍ਹਾਂ ਦਾ ਘੱਟੋਂ ਘੱਟ ਦੋ ਸਾਲ ਦਾ ਸਕੂਲ ਪੜਾਉਣ ਦਾ ਤਜਰਬਾ ਹੋਵੇ) ਇਨ੍ਹਾਂ ਬਲਾਕ ਪੱਧਰੀ ਮੁਕਾਬਲਿਆ ਜੋ ਕਿ ਮਿਤੀ 27/08/2025 ਨੂੰ ਹੋਣੇ ਹਨ, ਵਿੱਚ ਹਿੱਸਾ ਲੈ ਸਕਦੇ ਹਨ ਇਸ ਉਪਰੰਤ ਜਿਲ੍ਹਾ ਪੱਧਰ ਦੇ ਮੁਕਾਬਲਿਆਂ ਦੀ ਮਿਤੀ ਬਾਅਦ ਵਿੱਚ ਦੇ ਦਿੱਤੀ ਜਾਵੇਗੀ, ਅਤੇ ਜਿਲ੍ਹੇ ਵਿੱਚੋਂ ਉੱਤਮ ਪ੍ਰਫਾਰਮੈਂਸ ਵਾਲੇ ਅਧਿਆਪਕਾਂ ਨੂੰ ਸਟੇਟ ਪੱਧਰੀ ਮੁਕਾਬਲਿਆਂ ਲਈ ਪ੍ਰਸਤਾਵਿਤ ਕੀਤਾ ਜਾਵੇਗਾ।

ਉਪਰੋਕਤ ਲਈ ਜਿਲ੍ਹਾ ਪੱਧਰ 'ਤੇ ਨੋਡਲ ਅਫਸਰ ਸ. ਆਸ਼ੂ ਸਿੰਘ (ਪ੍ਰਿੰਸੀਪਲ ਪੀ.ਐਮ.ਸ੍ਰੀ. ਸਸਸਸ ਮਹਿਮਾ ਸਰਜਾ, ਮੋਬਾ: 9878096497) ਅਤੇ ਸਹਾਇਕ ਨੋਡਲ ਸ੍ਰੀ. ਬਾਲ ਕ੍ਰਿਸ਼ਨ (ਸਸਸਸ ਚੱਕ ਰੂਲਦੂ ਸਿੰਘ ਵਾਲਾ, ਮੋਬਾ: 9316625622) ਨੂੰ ਲਗਾਇਆ ਜਾਂਦਾ ਹੈ।

ਜਿਆਦਾ ਜਾਣਕਾਰੀ ਲਈ ਨੱਥੀ ਕੀਤੀ ਫਾਈਲ ਨੂੰ ਜਰੂਰ ਪੜ੍ਹ ਲਿਆ ਜਾਵੇ ਜੀ।

18/8/25

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)

ਬਠਿੰਡਾ

PK 18/08/25